# ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ.) ਪੰਜਾਬ

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜ਼ਿਲ, ਫੇਜ - 8, ਸ.ਅ.ਸ. ਨਗਰ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),

ਪੰਜਾਬ।

ਮੀਮੋ ਨੰ.· ਸਪੈਸ਼ਲ ਸੈੱਲ/੨੦੨੩੩/੧੭੦੧

ਮਿਤੀ:- 30.11.2023

ਵਿਸ਼ਾ:- **ਈ-ਪੋਰਟਲ ਦੀ ਤਕਨੀਕੀ ਖਰਾਬੀ ਕਾਰਨ ਚਾਈਲਡ ਕੇਅਰ ਲੀਵ ਅਤੇ ਵਿਦੇਸ਼ ਛੁੱਟੀ ਦਾ ਨਿਪਟਾਰਾ ਕਰਨ ਸਬੰਧੀ।**

**ਹਵਾਲਾ:-** **ਇਸ ਦ਼ਫਤਰ ਦੇ ਪੱਤਰ ਨੰ. ਪੀ.ਏ./2023/142 ਮਿਤੀ 20.11.2023 ਦੀ ਲਗਾਤਾਰਤਾ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਸਿੱਖਿਆ ਵਿਭਾਗ ਦੇ ਈ-ਪੋਰਟਲ ਦੀ ਤਕਨੀਕੀ ਖਰਾਬੀ ਕਾਰਨ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਕਰਮਚਾਰੀਆਂ ਵੱਲੋਂ ਈ-ਪੋਰਟਲ ਤੇ ਅਪਲਾਈ ਕੀਤੀਆਂ ਚਾਈਲਡ ਕੇਅਰ ਲੀਵ ਅਤੇ ਵਿਦੇਸ਼ ਛੁੱਟੀਆਂ ਦਾ ਨਿਪਟਾਰਾ ਨਹੀ ਹੋ ਰਿਹਾ ਹੈ।

2.0 ਉਪਰੋਕਤ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਦੋਂ ਤੱਕ ਸਿੱਖਿਆ ਵਿਭਾਗ ਦੇ ਈ-ਪੋਰਟਲ ਵਿੱਚ ਆਈ ਤਕਨੀਕੀ ਖਰਾਬੀ ਠੀਕ ਨਹੀਂ ਹੋ ਜਾਂਦੀ ਉਦੋਂ ਤੱਕ ਅਜਿਹੀਆਂ ਇਸਤਰੀ ਮੁਲਾਜ਼ਮਾਂ ਵੱਲੋਂ ਅਪਲਾਈ ਕੀਤੀਆਂ ਚਾਈਲਡ ਕੇਅਰ ਲੀਵਜ਼ ਅਤੇ ਹੋਰ ਲੋੜੀਂਦੇ ਦਸਤਾਵੇਜ਼ਾਂ ਦੀ ਆਪਣੇ ਪੱਧਰ ਤੇ ਘੋਖ/ਤਸੱਲੀ ਕਰਨ ਉਪਰੰਤ 30 ਦਿਨ ਦੀ ਚਾਈਲਡ ਕੇਅਰ ਲੀਵ ਦਾ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਨਾਲ ਹੀ ਜੇਕਰ ਕਿਸੇ ਕਰਮਚਾਰੀ ਵੱਲੋਂ ਵਿਦੇਸ਼ ਛੁੱਟੀ ਅਪਲਾਈ ਕੀਤੀ ਜਾਂਦੀ ਹੈ ਜਿਸ ਵਿੱਚ ਜਾਪਦਾ ਹੋਵੇ ਕਿ ਉਹ ਲੀਵ ਕਰਮਚਾਰੀ ਵੱਲੋਂ ਨਾ ਟਾਲਣ ਯੋਗ ਹਾਲਾਤਾਂ ਕਰਕੇ ਅਪਲਾਈ ਕੀਤੀ ਗਈ ਹੈ ਅਤੇ ਹੋਰ ਲੋੜੀਂਦੇ ਦਸਤਾਵੇਜ਼ਾਂ ਦੀ ਆਪਣੇ ਪੱਧਰ ਤੇ ਘੋਖ/ਤਸੱਲੀ ਕਰਨ ਉਪਰੰਤ 30 ਦਿਨ ਦੀ ਵਿਦੇਸ਼ ਛੁੱਟੀ ਦਾ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ।

3.0 ਉਪਰੋਕਤ ਹੁਕਮ ਕੇਵਲ ਸਿੱਖਿਆ ਵਿਭਾਗ ਦੇ ਈ-ਪੋਰਟਲ ਵਿੱਚ ਆਈ ਤਕਨੀਕੀ ਖਰਾਬੀ ਠੀਕ ਹੋਣ ਤੱਕ ਦੇ ਸਮੇਂ ਲਈ ਹੀ ਲਾਗੂ ਹੋਣਗੇ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਇਹ ਛੁੱਟੀਆਂ ਮੰਜ਼ੂਰ ਕੀਤੀਆਂ ਜਾਣ।

4.0 ਉਪਰੋਕਤ ਤੋਂ ਇਲਾਵਾ ਵਿਭਾਗ ਵੱਲੋਂ ਚਾਈਲਡ ਕੇਅਰ ਲੀਵ ਸਬੰਧੀ ਜਾਰੀ ਹਦਾਇਤਾਂ ਹੁਕਮ ਨੰ. DPISE-SPLC0ESTB/14/2023-SPECIAL CELL-DPISE/605506/6-8/2023 ਮਿਤੀ 20.11.2023 ਨੂੰ ਵਿਸ਼ੇਸ਼ ਤੌਰ ਤੇ ਧਿਆਨ ਵਿੱਚ ਰੱਖਦੇ ਹੋਏ ਹੀ ਚਾਈਲਡ ਕੇਅਰ ਲੀਵ ਮੰਜ਼ੂਰ ਕੀਤੀ ਜਾਵੇ।

**ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈ.), ਪੰਜਾਬ**